# ਪ੍ਰੈਸ ਨੋਟ
## 09.03.2023

ਸੈਂਟਰਲ ਏਜੰਸੀ ਅਤੇ ਏ.ਜੀ.ਟੀ.ਐਫ., ਰਾਹੀਂ ਜ਼ਿਲਾ ਪੁਲਿਸ ਬਠਿੰਡਾ ਨੂੰ ਸੂਚਨਾ ਮਿਲੀ ਕਿ ਪਿੰਡ ਨਰੂਆਣਾ ਵਿਖੇ ਕਿਸੇ ਨਾ-ਮਲੂਮ ਵਿਅਕਤੀ ਪਾਸੋਂ ਗੈਂਗਸਟਰ ਅਮਨਾ ਵਾਸੀ ਉੱਭਾ ਅਤੇ ਗੈਂਗਸਟਰ ਸੁੱਖਾ ਵਾਸੀ ਦੁਨੇਕੇ ਵੱਲੋ ਵਟਸਅੱਪ ਕਾਲ ਰਾਹੀ ਧਮਕੀ ਭਰੀਆਂ ਕਾਲਾਂ ਕਰਕੇ ਉਸ ਪਾਸੋਂ 10 ਲੱਖ ਰੁਪਏ ਫਿਰੌਤੀ ਮੰਗੀ ਗਈ ਹੈ ਜਿਸ ਤੇ ਪੀੜਿਤ ਵਿਅਕਤੀ ਦਾ ਪਤਾ ਲਗਾ ਕੇ ਜ਼ਿਲਾ ਪੁਲਿਸ ਵੱਲੋਂ ਕਾਰਵਾਈ ਕਰਦੇ ਹੋਏ **ਮੁੱਕਦਮਾ ਨੰ 29 ਮਿਤੀ 02.03.2023 ਅ/ਧ 386,120ਬੀ ਆਈ ਪੀ ਸੀ ਥਾਣਾ ਸਦਰ ਬਠਿੰਡਾ** ਦਰਜ ਰਜਿਸਟਰ ਕੀਤਾ ਗਿਆ।

ਇਸ ਸਬੰਧੀ ਕਾਰਵਾਈ ਕਰਦਿਆਂ ਸ਼੍ਰੀ ਗੁਲਨੀਤ ਸਿੰਘ ਖੁਰਾਣਾ IPS ਸੀਨੀਅਰ ਕਪਤਾਨ ਪੁਲਿਸ ਬਠਿੰਡਾ ਜੀ ਦੀਆਂ ਹਦਾਇਤਾਂ ਤੇ ਸ਼੍ਰੀ ਅਜੈ ਗਾਂਧੀ IPS, ਕਪਤਾਨ ਪੁਲਿਸ (ਡੀ) ਬਠਿੰਡਾ ਜੀ ਅਤੇ ਸ਼੍ਰੀ ਦਵਿੰਦਰ ਸਿੰਘ PPS ਉਪ ਕਪਤਾਨ ਪੁਲਿਸ (ਡੀ) ਜੀ ਦੀ ਨਿਗਰਾਨੀ ਹੇਠ ਇੰਸਪੈਕਟਰ ਤਰਜਿੰਦਰ ਸਿੰਘ ਇੰਚ. ਸੀ ਆਈ ਏ-1 ਬਠਿੰਡਾ ਵੱਲੋਂ ਡੂੰਘਾਈ ਨਾਲ ਮੁਕੱਦਮਾ ਦੀ ਤਫਤੀਸ਼ ਕਰਕੇ ਪ੍ਰਦੀਪ ਸਿੰਘ ਉਰਫ ਟੱਕੀ ਪੁੱਤਰ ਗੁਰਚੰਦ ਸਿੰਘ ਵਾਸੀ ਨਰੂਆਣਾ, ਤੇਗਵੀਰ ਸਿੰਘ ਉਰਫ ਤੇਗ ਪੁੱਤਰ ਗੁਰਮੀਤ ਸਿੰਘ ਵਾਸੀ ਭੁੱਚੋ ਮੰਡੀ ਅਤੇ ਅਮ੍ਰਿੰਤਪਾਲ ਸਿੰਘ ਉਰਫ ਅੰਬਰੀ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਚੱਕ ਬਖਤੂ ਨੂੰ ਦੋਸ਼ੀ ਨਾਮਜ਼ਦ ਕਰਕੇ ਕਾਰਵਾਈ ਕਰਦੇ ਹੋਏ **ਮਿਤੀ** 07.03.2023 ਨੂੰ ਦੋਸ਼ੀ ਪ੍ਰਦੀਪ ਸਿੰਘ ਉਰਫ ਟੱਕੀ ਨੂੰ ਅਤੇ **ਮਿਤੀ** 08.03.2023 ਨੂੰ ਦੋਸ਼ੀ ਤੇਗਵੀਰ ਸਿੰਘ ਉਰਫ ਤੇਗ ਅਤੇ ਅਮ੍ਰਿੰਤਪਾਲ ਸਿੰਘ ਉਰਫ ਅੰਬਰੀ ਨੂੰ ਗ੍ਰਿਫਤਾਰ ਕਰਕੇ ਦੋਸ਼ੀ ਤੇਗਵੀਰ ਸਿੰਘ ਪਾਸੋ **ਇੱਕ ਪਿਸਤੌਲ ਦੇਸੀ 315 ਬੋਰ ਸਮੇਤ 03 ਰੌਂਦ 315 ਬੋਰ ਅਤੇ ਵਾਰਦਾਤ ਕਰਨ ਲਈ ਕੀਤੀ ਰੈਕੀ ਦੌਰਾਨ ਵਰਤੀ ਗਈ ਐਕਟੀਵਾ** ਬ੍ਰਾਮਦ ਕੀਤੀ ਗਈ ਅਤੇ ਮੁਕੱਦਮਾ ਹਜਾ ਵਿੱਚ **ਜੁਰਮ 25/54/59 ਅਸਲਾ ਐਕਟ** ਦਾ ਵਾਧਾ ਕੀਤਾ ਗਿਆ।

ਦੌਰਾਨੇ ਪੁੱਛਗਿਛ ਦੋਸ਼ੀਆਂ ਨੇ ਮੰਨਿਆ ਹੈ ਕਿ ਅਮਨਦੀਪ ਸਿੰਘ ਉਰਫ ਅਮਨਾ ਪੁੱਤਰ ਬਿੱਕਰ ਸਿੰਘ ਵਾਸੀ ਪਿੰਡ ਉੱਭਾ ਜਿਲਾ ਮਾਨਸਾ ਜੋ ਨਾਭਾ ਜੇਲ ਵਿੱਚ ਬੰਦ ਹੈ ਨੇ ਇਹ ਵਾਰਦਾਤ ਕਰਨ ਲਈ ਕਿਹਾ ਸੀ। ਦੋਸ਼ੀ ਪ੍ਰਦੀਪ ਸਿੰਘ ਉਰਫ ਟੱਕੀ ਨੇ ਆਪਣੇ ਪਿੰਡ ਨਰੂਆਣਾ ਦੇ ਅਮਰੀਕ ਸਿੰਘ ਪੁੱਤਰ ਬਲਕਰਨ ਸਿੰਘ ਦਾ ਫੋਨ ਨੰਬਰ ਫਰੌਤੀ ਲੈਣ ਲਈ ਜੇਲ ਵਿੱਚ ਬੈਠੇ ਅਮਨਦੀਪ ਸਿੰਘ ਉਰਫ ਅਮਨਾ ਉੱਭਾ ਨੂੰ ਦਿੱਤਾ ਸੀ ਜਿਸ ਨੇ ਫਰੌਤੀ ਲੈਣ ਲਈ ਅਮਰੀਕ ਸਿੰਘ ਨੂੰ ਵਟਸਅੱਪ ਪਰ ਧਮਕੀ ਭਰੀਆ ਕਾਲਾ ਕਰਦੇ ਹੋਏ ਉਸ ਤੋ 10 ਲੱਖ ਰੁਪਏ ਦੀ ਫਰੌਤੀ ਮੰਗੀ ਸੀ। ਅਮਰੀਕ ਸਿੰਘ ਵੱਲੋ ਪੈਸੇ ਦੇਣ ਤੋ ਇਨਕਾਰ ਕਰਨ ਤੇ ਅਮਨਦੀਪ ਸਿੰਘ ਉਰਫ ਅਮਨਾ ਦੇ ਕਹਿਣ ਤੇ ਪ੍ਰਦੀਪ ਸਿੰਘ ਟੱਕੀ ਨੇ ਤੇਗਵੀਰ ਸਿੰਘ ਉਰਫ ਤੇਗ ਅਤੇ ਅਮ੍ਰਿੰਤਪਾਲ ਸਿੰਘ ਉਰਫ ਅੰਬਰੀ ਤੋਂ ਪਿੰਡ ਨਰੂਆਣਾ ਅਮਰੀਕ ਸਿੰਘ ਦੇ ਘਰ ਦੀ ਰੈਕੀ ਕਰਵਾਈ ਸੀ ਤਾਂ ਜੋ ਅਮਰੀਕ ਸਿੰਘ ਦਾ ਕੋਈ ਨੁਕਸਾਨ ਕੀਤਾ ਜਾ ਸਕੇ। ਦੋਸ਼ੀ ਪ੍ਰਦੀਪ ਸਿੰਘ ਪਹਿਲਾ ਪੁਲਿਸ ਰਿਮਾਂਡ ਪਰ ਹੈ। ਦੋਸ਼ੀਆਨ ਤੇਗਵੀਰ ਸਿੰਘ,ਅਮ੍ਰਿੰਤਪਾਲ ਸਿੰਘ ਨੂੰ ਅਤੇ **ਅਮਨਦੀਪ ਸਿੰਘ ਉਰਫ ਅਮਨਾ ਉੱਭਾ ਨੂੰ ਨਾਭਾ ਜੇਲ ਵਿੱਚੋ ਪ੍ਰੋਡੰਕਸਨ ਵਾਰੰਟ** ਪਰ ਲਿਆ ਕੇ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ, ਜਿੰਨਾਂ ਤੋਂ ਡੂੰਘਾਈ ਨਾਲ ਪੁੱਛ ਕੀਤੀ ਜਾਵੇਗੀ, ਜਿਸ ਤੋਂ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਤਾਰੀਖ ਗ੍ਰਿਫਤਾਰੀ-** **ਦੋਸ਼ੀ ਪ੍ਰਦੀਪ ਸਿੰਘ - ਮਿਤੀ** 07.03.2023
**ਦੋਸ਼ੀ ਤੇਗਵੀਰ ਸਿੰਘ ਅਤੇ ਅਮ੍ਰਿੰਤਪਾਲ ਸਿੰਘ- ਮਿਤੀ** 08.03.2023

**ਗ੍ਰਿਫਤਾਰੀ ਦੀ ਜਗ੍ਹਾ** - ਦੋਸ਼ੀ ਪ੍ਰਦੀਪ ਸਿੰਘ ਉਰਫ ਟੱਕੀ- ਬਾ ਹੱਦ ਨੇੜੇ ਸ਼ਿਰਕੀ ਬਜਾਰ ਬਠਿੰਡਾ
ਦੋਸ਼ੀਆਨ ਤੇਗਵੀਰ ਸਿੰਘ ਅਤੇ ਅਮ੍ਰਿੰਤਪਾਲ ਸਿੰਘ- ਬਾ ਹੱਦ ਭੁੱਚੋ ਮੰਡੀ

**ਗ੍ਰਿਫਤਾਰ ਕੀਤੇ ਵਿਅਕਤੀਆਂ ਦੇ ਨਾਮ** :-

1. ਪ੍ਰਦੀਪ ਸਿੰਘ ਉਰਫ ਟੱਕੀ ਪੁੱਤਰ ਗੁਰਚੰਦ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਨਰੂਆਣਾ ਜਿਲਾ ਬਠਿੰਡਾ ਉਮਰ ਕਰੀਬ 20 ਸਾਲ, **ਕੰਮਕਾਰ-** ਕੋਈ ਨਹੀਂ।
2. ਤੇਗਵੀਰ ਸਿੰਘ ਉਰਫ ਤੇਗ ਪੁੱਤਰ ਗੁਰਮੀਤ ਸਿੰਘ ਪੁੱਤਰ ਲੱਖਾ ਸਿੰਘ ਵਾਸੀ ਵਾਰਡ ਨੰਬਰ 05 ਨੇੜੇ ਟੈਲੀਫੋਨ ਐਕਸਚੇਂਜ ਭੁੱਚੋ ਮੰਡੀ ਜਿਲਾ ਬਠਿੰਡਾ ਉਮਰ ਕਰੀਬ 32 ਸਾਲ। **ਕੰਮਕਾਰ-** ਕੋਈ ਨਹੀਂ
3. ਅਮ੍ਰਿੰਤਪਾਲ ਸਿੰਘ ਉਰਫ ਅੰਬਰੀ ਪੁੱਤਰ ਜਸਵੰਤ ਸਿੰਘ ਪੁੱਤਰ ਲਾਭ ਸਿੰਘ ਵਾਸੀ ਪੱਤੀ ਕਿਲਾ ਪਿੰਡ ਚੱਕ ਬਖਤੂ ਜਿਲਾ ਬਠਿੰਡਾ ਉਮਰ ਕਰੀਬ 33 ਸਾਲ **ਕੰਮਕਾਰ-** ਖੇਤੀਬਾੜੀ ਕਰਦਾ ਹੈ

**ਬ੍ਰਾਮਦਗੀ**-

1. ਇੱਕ ਪਿਸਤੌਲ ਦੇਸੀ 315 ਬੋਰ ਸਮੇਤ 03 ਰੌਂਦ 315 ਬੋਰ
2. ਐਕਟਿਵਾ ਰੰਗ ਗਰੇਅ ਨੰਬਰੀ PB-03BK-8943 (ਵਾਰਦਾਤ ਸਮੇ ਰੇਕੀ ਦੌਰਾਨ ਵਰਤੀ ਗਈ)
3. ਮੋਬਾਈਲ ਫੋਨ - 03

**ਪਹਿਲਾ ਦਰਜ ਮੁਕੱਦਮੇ**-

**ਪ੍ਰਦੀਪ ਸਿੰਘ ਉਰਫ ਟੱਕੀ**

ਮੁ: ਨੰ: 208 ਮਿਤੀ 21.12.2021 ਅ/ਧ 61/1/14 ਐਕਸ਼ਾਈਜ ਐਕਟ PS ਸਦਰ ਬਠਿੰਡਾ

**ਤੇਗਵੀਰ ਸਿੰਘ ਉਰਫ ਤੇਗ**

ਮੁ: ਨੰ: 53 ਮਿਤੀ 21.04.2019 ਅ/ਧ 302,148,149,120ਬੀ IPC PS ਕੈਂਟ ਬਠਿੰਡਾ (ਜਮਾਨਤ ਪਰ)

**ਅਮ੍ਰਿੰਤਪਾਲ ਸਿੰਘ ਉਰਫ ਅੰਬਰੀ**

ਮੁ: ਨੰ: 53 ਮਿਤੀ 21.04.2019 ਅ/ਧ 302,148,149,120ਬੀ IPC PS ਕੈਂਟ ਬਠਿੰਡਾ (ਜਮਾਨਤ ਪਰ)

ਇਸ ਤੋ ਇਲਾਵਾ ਸੀ.ਆਈ.ਏ-1 ਬਠਿੰਡਾ ਅਤੇ ਚੌਂਕੀ ਕਚਿਹਰੀ ਬਠਿੰਡਾ ਦੀਆਂ ਟੀਮਾਂ ਵੱਲੋਂ **ਮੁ ਨੰ 52 ਮਿਤੀ 16.04.2015 ਅ/ਧ 436,323,506,307,153,186,148,149 ਆਈ ਪੀ ਸੀ 25/54/59 ਅਸਲਾ ਐਕਟ 540 ਜੇਲ ਮੈਨੂਅਲ ਐਕਟ ਥਾਣਾ ਸਿਵਲ ਲਾਈਨ ਬਠਿੰਡਾ** ਵਿੱਚ ਸਾਲ 2016 ਤੋ ਮਾਨਯੋਗ ਅਦਾਲਤ ਬਠਿੰਡਾ ਵੱਲੋ ਭਗੌੜਾ ਕਰਾਰ ਦਿੱਤੇ ਗਏ ਹਰਪਾਲ ਸਿੰਘ ਉਰਫ ਪੂਹਲਾ ਪੁੱਤਰ ਚੰਦ ਸਿੰਘ ਪੁੱਤਰ ਹਜਾਰਾ ਸਿੰਘ ਵਾਸੀ ਪਿੰਡ ਨਰੂਆਣਾ ਥਾਣਾ ਸਦਰ ਬਠਿੰਡਾ ਨੂੰ ਮਿਤੀ 08.03.2023 ਨੂੰ ਬਾ ਹੱਦ ਨੇੜੇ ਜਰਨੈਲ ਸਿੰਘ ਦੇ ਬੁੱਤ ਮੁਲਤਾਨੀਆ ਰੋਡ ਬਠਿੰਡਾ ਤੋ ਗ੍ਰਿਫਤਾਰ ਕੀਤਾ ਗਿਆ।

**(ਨੋਟ-ਦੋਸ਼ੀ ਹਰਪਾਲ ਸਿੰਘ ਉਰਫ ਪੂਹਲਾ ਜੋ ਕਿ ਗੈਂਗਸਟਰ ਸੁਖਦੂਲ ਸਿੰਘ ਸੁੱਖਾ ਦੁੱਨਕੇ ਹਾਲ ਕਨੇਡਾ ਅਤੇ ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋ ਵਾਸੀ ਮੁੱਦਕੀ ਦਾ ਨੇੜਲਾ ਸਾਥੀ ਹੈ ।)**

**ਤਾਰੀਖ ਗ੍ਰਿਫਤਾਰੀ**- 08.03.2023

**ਗ੍ਰਿਫਤਾਰੀ ਦੀ ਜਗ੍ਹਾ** - ਬਾ ਹੱਦ ਨੇੜੇ ਜਰਨੈਲ ਸਿੰਘ ਦੇ ਬੁੱਤ ਮੁਲਤਾਨੀਆ ਰੋਡ ਬਠਿੰਡਾ

**ਬਨਾਮ** :-

ਹਰਪਾਲ ਸਿੰਘ ਉਰਫ ਪੂਹਲਾ ਪੁੱਤਰ ਚੰਦ ਸਿੰਘ ਪੁੱਤਰ ਹਜਾਰਾ ਸਿੰਘ ਵਾਸੀ ਪਿੰਡ ਨਰੂਆਣਾ ਥਾਣਾ ਸਦਰ ਬਠਿੰਡਾ ਜਿਲਾ ਬਠਿੰਡਾ ਉਮਰ ਕਰੀਬ 37 ਸਾਲ

**ਪਹਿਲਾ ਦਰਜ ਮੁਕੱਦਮੇ** - ਲੜਾਈ ਝਗੜੇ, ਲੁੱਟਾ ਖੋਹਾਂ, ਇਰਾਦਾ ਕਤਲ ਆਦਿ ਦੇ 12 ਮੁਕੱਦਮੇ ਦਰਜ ਹਨ ।